ਤਾਵੀਜ-ਗੰਡੇ
ਜਾਦੂ
ਕੁਫ਼ਰ ਅਤੇ ਸ਼ਿਰਕ ਦੇ
ਦਰਵਾਜੇ
ਕਬਰ-ਪਰਸਤੀ
ਕਹਾਨਤ

ਵਿਸ਼ਾ ਸੂਚੀ

ਉਹ ਚਾਰ ਚੀਜਾਂ

1. ਜਾਦੂ

2. ਕਹਾਨਤ

3. ਤਾਵੀਜ-ਗੰਡੇ

4. ਕਬਰ–ਪਰਸਤੀ ,ਕੁੱਝ ਜਿੰਦਾ ਅਤੇ ਮੁਰਦਾ ਲੋਕਾਂ ਦੇ ਮੁਕਾਮ –ਮਰਤਬੇ ਵਿੱਚ ਗੁਲੂ (ਉਸਦੇ ਮੁਕਾਮ ਤੋਂ ਵਧਾ-ਚੜ੍ਹਾ ਕੇ ਮੰਨਣਾ) ਤੋਂ ਕੰਮ ਲੈਣਾ ਅਤੇ ਉਹਨਾਂ ਨੂੰ ਜਾਣੇ-ਅਣਜਾਣੇ ਅੱਲ੍ਹਾ ਦਾ ਸ਼ਰੀਕ ਬਣਾ ਲੈਣਾ

ਜਿਹੜੀਆਂ ਕਿਸੇ ਇਨਸਾਨ ਲਈ ਕੁਫ਼ਰ ਅਤੇ ਸ਼ਿਰਕ ਦੇ ਦਰਵਾਜੇ ਖੋਲ ਦਿੰਦੀਆ ਹਨ ਅਤੇ ਇੱਕ ਭੋਲੇ –ਭਾਲੇ ਮੁਸਲਮਾਨ ਨੂੰ ਤੌਹੀਦ ਪਰਸਤੀ ਤੋਂ ਦੂਰ ਕਰ ਦਿੰਦੀਆ ਹਨ

ਹਾਲਾਂਕਿ ਕੋਈ ਇਨਸਾਨ ਇੱਕ ਸੱਚਾ ਮੁਸਲਮਾਨ ਅਤੇ ਤੌਹੀਦ ਪਰਸਤ ਨਹੀਂ ਬਣ ਸਕਦਾ ਜਦ ਤਕ ਉਹ ਇਹਨਾਂ 4 ਚੀਜ਼ਾਂ ਨੂੰ ਪੂਰੀ ਤਰਾਂ ਛੱਡ ਨਹੀਂ ਦਿੰਦਾ । ਅਤੇ ਖਾਲਿਸ ਇੱਕ ਅੱਲਾਹ ਤਾਅਲਾ ਦੀ ਇਬਾਦਤ ਖਾਲਿਸ ਨਬੀ ﷺ ਦੇ ਤਰੀਕੇ ਅਨੁਸ਼ਾਰ ਕਰਦਾ ਆਪਣੀ ਜਿੰਦਗੀ ਬਤੀਤ ਨਹੀਂ ਕਰਦਾ ।

1. ਜਾਦੂ ਸਿੱਖਣਾ ,ਸਿਖਾਉਣਾ ,ਕਰਨਾ ਜਾਂ ਕਿਸੇ ਤੋਂ ਕਰਵਾਉਣਾ ਇਹ ਸਭ ਕੁਫ਼ਰ ਹੈ।

ਅਤੇ ਉਹ ਉਸ ਚੀਜ਼ ਦੇ ਪਿੱਛੇ ਲੱਗ ਗਏ ਜੋ ਸ਼ੈਤਾਨ, ਸੁਲੇਮਾਨ (ਅ.ਸ) ਦੀ ਹੁਕੂਮਤ ਦੇ ਦੌਰਾਨ ਪੜ੍ਹਦੇ ਸੀ । ਅਤੇ ਸੁਲੇਮਾਨ (ਅ.ਸ) ਨੇ ਕੁਫ਼ਰ ਨਹੀਂ ਕੀਤਾ ਪਰ ਸ਼ੈਤਾਨਾਂ ਨੇ ਕੁਫ਼ਰ ਕੀਤਾ ਕਿਉਂ ਜੋ ਉਹ ਲੋਕਾਂ ਨੂੰ ਜਾਦੂ ਸਿਖਾਉਂਦੇ ਸੀ

ਅਤੇ (ਉਹ ਉਸ ਚੀਜ ਦੇ ਪਿੱਛੇ ਲੱਗ ਗਏ) ਜੋ ਬਾਬੁਲ (ਸ਼ਹਿਰ) ਦੇ ਵਿੱਚ ਦੋ ਫ਼ਰਿਸ਼ਤੇ ਹਾਰੂਤ ਅਤੇ ਮਾਰੂਤ ਉੱਪਰ ਉਤਾਰੀ ਗਈ ਸੀ , ਹਾਲਾਂਕਿ ਉਹ ਕਿਸੇ ਇੱਕ ਨੂੰ ਵੀ ਇਹ ਨਹੀਂ ਸਿਖਾਉਂਦੇ ਸੀ, ਇੱਥੋਂ ਤੱਕ ਕੇ ਇਹ ਕਹਿੰਦੇ ਕਿ ਅਸੀਂ ਤਾਂ ਸਿਰਫ਼ ਇੱਕ ਅਜਮਾਇਸ਼ ਹਾਂ ,ਸੋ ਤੁਸੀਂ (ਇਸ ਜਾਦੂ ਨੂੰ ਸਿੱਖ ਕੇ) ਕੁਫ਼ਰ ਨਾ ਕਰੋ ਫਿਰ ਉਹ ਦੋਵਾਂ ਤੋਂ ਉਹ ਗੱਲ ਸਿੱਖਦੇ ਜਿਸ ਨਾਲ ਉਹ ਆਦਮੀ ਅਤੇ ਉਸਦੀ ਪਤਨੀ ਵਿਚ ਵਿਛੋੜਾ ਪਾ ਦਿੰਦੇ ਹਨ ਅਤੇ ਉਹ ਇਸ ਨਾਲ ਹਰਗਿਜ਼ ਕਿਸੇ ਨੂੰ ਨੁਕਸਾਨ ਨਹੀਂ ਪਹੁੰਚਾ ਸਕਦੇ,ਮਗਰ ਅੱਲ੍ਹਾ ਦੇ ਹੁਕਮ ਨਾਲ। ਅਤੇ ਉਹ ਕੁਝ ਅਜਿਹੀ ਚੀਜ ਸਿੱਖਦੇ ਜੋ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਂਦੀ ਅਤੇ ਉਨ੍ਹਾਂ ਨੂੰ ਕੋਈ ਲਾਭ ਨਾ ਪਹੁੰਚਾਉਂਦੀ । ਹਾਲਾਂਕਿ , ਉਹ ਯਕੀਨਨ ਹੀ ਇਹ ਜਾਣ ਚੁੱਕੇ ਸਨ, ਕਿ ਜਿਸ ਨੇ ਇਸ ਨੂੰ ਖਰੀਦਿਆ ਉਸ ਦਾ ਆਖ਼ਿਰਤ ਵਿੱਚ ਕੋਈ ਹਿੱਸਾ ਨਹੀਂ ਹੈ ਅਤੇ ਬੇਸ਼ੱਕ ਬੁਰੀ ਹੈ ਉਹ ਚੀਜ਼ ਜਿਸਦੇ ਬਦਲੇ ਉਨ੍ਹਾਂ ਨੇ ਆਪਣੇ ਆਪ ਨੂੰ ਵੇਚ ਦਿੱਤਾ। ਕਾਸ਼ ! ਉਹ ਜਾਣਦੇ ਹੁੰਦੇ

(2:102)

ਅਬੁ ਹੁਰੈਰਾਹ (ਰ.ਜ) ਤੋਂ ਰਵਾਇਤ ਹੈ ਕੇ ਨਬੀ ਮੁਹੰਮਦ ﷺ ਨੇ ਫ਼ਰਮਾਇਆ ਕੇ ਸੱਤ ਹਲਾਕ ਕਰ ਦੇਣ ਵਾਲੀਆਂ ਚੀਜ਼ਾਂ ਤੋਂ ਬੱਚੋ । ਤਾਂ (ਪੁੱਛਣ ਵਾਲਿਆਂ ਨੇ) ਕਿਹਾ ਉਹ ਕਿਹੜੀਆਂ-ਕਿਹੜੀਆਂ ਹਨ । ਤਾਂ ਨਬੀ ﷺ ਨੇ ਫ਼ਰਮਾਇਆ

1. ਅੱਲ੍ਹਾ ਤਾਅਲਾ ਨਾਲ ਸ਼ਿਰਕ ਕਰਨਾ

2. ਜਾਦੂ

3. ਅੱਲ੍ਹਾ ਨੇ ਜਿਸ ਨਫ਼ਸ ਦੇ ਕਤਲ ਨੂੰ ਹਰਾਮ ਕੀਤਾ ਹੈ ਉਸਨੂੰ ਨਾ-ਹੱਕ ਕਤਲ ਕਰਨਾ

4. ਸੂਦ ਖਾਣਾ

5. ਯਤੀਮ ਦਾ ਮਾਲ ਖਾਣਾ

6. ਲੜਾਈ ਦੇ ਦਿਨ ਭੱਜ ਜਾਣਾ

7. ਪਾਕ ਦਾਮਨ ਮੋਮਿਨ ਔਰਤ ਉੱਪਰ ਝੂਠੀ ਤੁਹਮਤ ਲਗਾਉਣੀ ।

(ਬੁਖ਼ਾਰੀ 55 , ਮੁਸਲਿਮ 89)

ਉਹ ਜਿਬਤ ਅਤੇ ਤਾਗੂਤ ਵਿੱਚ ਇਮਾਨ ਰੱਖਦੇ ਹਨ

(4:51)

ਉਮਰ ਰ.ਜ ਫਰਮਾਉਂਦੇ ਹਨ ਕਿ ਜਿਬਤ ਮਤਲਬ ਜਾਦੂ ਅਤੇ ਤਾਗੂਤ ਮਤਲਬ ਸ਼ੈਤਾਨ ਹੈ ।

ਅਤੇ ਜਾਬਿਰ ਰ.ਜ ਫਰਮਾਉਂਦੇ ਹਨ ਕਿ ਤਾਗੂਤ ਉਹ ਕਾਹਿਨ ਹੈ ਜਿਸ ਉੱਪਰ ਸ਼ੈਤਾਨ ਉੱਤਰਦਾ ਸੀ ,ਅਤੇ ਹਰ ਮੁਹੱਲੇ ਦਾ ਅਲੱਗ ਅਲੱਗ ਕਾਹਿਨ ਹੁੰਦਾ ਸੀ

(ਇਸਨਾਦ ਹਸਨ ਬੁਖ਼ਾਰੀ 4583 ਤੋਂ ਪਹਿਲਾਂ ਬਾਬ ਵਿੱਚ ਮੁਅੱਲਕ ਬਾ ਸੀਗਾ ਜਜ਼ਮ)

ਜਾਦੂਗਰ ਬਾਰੇ ਹੁਕਮ

ਬਜਾਲਾ ਬਿਨ ਅਬਦੂਹ ਤੋਂ ਰਵਾਇਤ ਹੈ ਕੇ ਉਮਰ (ਰ ਜ) ਨੇ ਖਤ ਲਿਖਿਆ ਕੇ ਹਰ ਜਾਦੂਗਰ ਮਰਦ ਅਤੇ ਔਰਤ ਨੂੰ ਕਤਲ ਕਰ ਦਿੱਤਾ ਜਾਵੇ । ਤਾਂ ਅਸੀਂ ਤਿੰਨ ਜਾਦੂਗਰਾਂ ਨੂੰ ਕਤਲ ਕੀਤਾ।

[ਇਸਨਾਦ ਸਹੀ ਮੌਕੂਫ਼ਨ ਖ਼ਤ ਦਾ ਜ਼ਿਕਰ ਬੁਖ਼ਾਰੀ 3156 ਵਿੱਚ ਹੈ ਅਤੇ ਜਾਦੂਗਰ ਦੇ ਕਤਲ ਦਾ ਜ਼ਿਕਰ ਸੁਨਨ ਅਬੁ ਦਾਊਦ 3043 ਵਿੱਚ ਹੈ ਸ਼ੇਖ ਅਲਬਾਨੀ ਨੇ 'ਸਹੀ ਸੁਨਨ ਅਬੁ ਦਾਊਦ' ਵਿੱਚ ਸਹੀ ਕਿਹਾ ਹੈ ।]

ਅਤੇ ਹਫਸਾ (ਰ ਅ) ਤੋਂ ਸਾਬਿਤ ਹੈ ਕੇ ਉਹਨਾਂ ਨੇ ਆਪਣੀ ਇੱਕ ਸੇਵਕ ਔਰਤ ਨੂੰ ਕਤਲ ਕਰਨ ਦਾ ਹੁਕਮ ਦਿੱਤਾ ਜਿਸਨੇ ਉਹਨਾਂ ਉੱਪਰ ਜਾਦੂ ਕਰ ਦਿੱਤਾ ਸੀ । ਅਤੇ ਉਸਨੂੰ ਕਤਲ ਕਰ ਦਿੱਤਾ ਗਿਆ ।

[ਇਸਨਾਦ ਸਹੀ ਮੌਕੂਫ਼ਨ ਮੁਅੱਤਾ ਮਲਿਕ 2553 ,ਇਬਨੇ ਕਸੀਰ 2:120 ਦੀ ਤਫਸੀਰ ਵਿੱਚ ।]

ਇਸੇ ਤਰਾਂ ਜੁਨਦੁੱਬ (ਰ ਜ) ਤੋਂ ਵੀ ਅਜਿਹਾ ਇੱਕ ਕਿੱਸਾ ਨਕਲ ਹੈ ।

(ਸਹੀ ਮੌਕੂਫ਼ਨ ਮੁਸਤਦਰਕ ਹਾਕਿਮ 4/361)

ਜੁਨਦੁੱਬ ਤੋਂ ਰਵਾਇਤ ਹੈ ਕੇ ਜਾਦੂਗਰ ਦੀ ਸਜਾ ਇਹ ਹੈ ਕੇ ,ਤਲਵਾਰ ਨਾਲ ਉਸਨੂੰ ਕਤਲ ਕਰ ਦਿੱਤਾ ਜਾਵੇ

(ਇਸਨਾਦ ਜਾਈਫ਼ ਮਰਫ਼ੂਅਨ , ਤਿਰਮੀਜ਼ੀ 1460)

ਇਮਾਮ ਅਹਿਮਦ ਫਰਮਾਉਂਦੇ ਹਨ ਜਾਦੂਗਰਾਂ ਨੂੰ ਕਤਲ ਕਰਨਾ ਤਿੰਨ ਸਹਾਬਾ ਤੋਂ ਸਾਬਿਤ ਹੈ ।

ਇਸੇ ਤਰਾਂ ਬਾਕੀ ਇਮਾਮ ਅਤੇ ਉਹਨਾਂ ਦੇ ਅਨੁਆਈ ਵੀ ਜਾਦੂ ਦੇ ਕੁਫ਼ਰ ਹੋਣ ਅਤੇ ਜਾਦੂਗਰ ਦੀ ਸਜਾ ਮੌਤ ਹੋਣ ਦੇ ਕਾਇਲ ਹਨ ।

ਕੀ ਜਾਦੂ ਨਾਲ ਜਾਦੂ ਦਾ ਇਲਾਜ ਕੀਤਾ ਜਾ ਸਕਦਾ ਹੈ ।

ਇਬਨੇ ਮਸਊਦ (ਰ. ਜ) ਫਰਮਾਉਂਦੇ ਹਨ

ਕੇ ਬੇਸ਼ੱਕ ਅੱਲ੍ਹਾ ਤਾਅਲਾ ਨੇ ਤੁਹਾਡੀ ਸਿਫ਼ਾ ਅਜਿਹੀ ਚੀਜ਼ ਵਿੱਚ ਨਹੀਂ ਰੱਖੀ ਜੋ ਉਸਨੇ ਤੁਹਾਡੇ ਲਈ ਹਰਾਮ ਕਰ ਦਿੱਤੀ ਹੈ ।

(ਬੁਖ਼ਾਰੀ 5164 ਤੋਂ ਪਹਿਲਾਂ ਬਾਬ ਵਿੱਚ)

ਨਬੀ ﷺ ਨੇ ਫ਼ਰਮਾਇਆ ਜਿਸ ਇਨਸਾਨ ਨੇ ਕਿਸੇ ਹਰਾਮ ਚੀਜ਼ ਨਾਲ ਇਲਾਜ ਕੀਤਾ ਤਾਂ ਅੱਲਾਹ ਤਾਅਲਾ ਉਸਦੇ ਲਈ ਉਸ (ਚੀਜ਼) ਵਿੱਚ ਸਿਫ਼ਾ ਨਹੀਂ ਰੱਖੇਗਾ ।

(ਸਿਲਸਿਲਾ ਸਹੀਹਾ 2343)

2. ਕਾਹਿਨ ਅਤੇ ਕਹਾਨਤ

ਜੋ ਇਨਸਾਨ ਜਾਦੂ ,ਜਿੰਨ ,ਅਤੇ ਸ਼ੈਤਾਨਾਂ ਦੀ ਮਦਦ ਨਾਲ ਅੱਗਾ-ਪਿੱਛਾ ਅਤੇ ਗ਼ੈਬ ਦੀਆਂ ਖਬਰਾਂ ਦੱਸਣ ਦਾ ਦਾਅਵਾ ਕਰੇ । ਹੱਥ ਵਗ਼ੈਰਾ ਦੇਖਣ ਵਾਲੇ ਪਾਖੰਡੀ ਸਭ ਇਸ ਵਿੱਚ ਸ਼ਾਮਿਲ ਹਨ

ਕੁੱਝ ਗ਼ੈਬੀ ਖ਼ਬਰਾਂ ਇਸਨੂੰ ਕਿਵੇਂ ਮਿਲ ਜਾਂਦੀਆਂ ਹਨ

ਹਜ਼ਰਤ ਅਬੂ-ਹੁਰੈਰਾ (ਰਜ਼ੀ:) ਤੋਂ ਮਰਵੀ ਹੈ ਕਿ ਨਬੀ (ﷺ) ਨੇ ਫ਼ਰਮਾਇਆ ਜਦੋਂ ਅੱਲਾਹ ਤਆਲਾ ਅਸਮਾਨ ਵਿੱਚ ਕਿਸੇ ਗੱਲ ਦਾ ਫ਼ੈਸਲਾ ਕਰਦਾ ਹੈ ਅਤੇ ਹੁਕਮ ਦਿੰਦਾ ਹੈ ਤਾਂ ਫ਼ਰਿਸ਼ਤੇ ਨਿਮਰਤਾ ਸਹਿਤ ਆਪਣੇ ਪਰਾਂ ਨੂੰ ਫ਼ੜਫ਼ੜਾਉਂਦੇ ਹਨ ਅਤੇ ਅੱਲਾਹ ਤਆਲਾ ਦਾ ਫਰਮਾਨ ਉਹਨਾਂ ਨੂੰ ਇਸ ਤਰਾਂ ਸੁਣਾਈ ਦਿੰਦਾ ਹੈ ਜਿਵੇਂ ਕਿਸੇ ਸਾਫ ,ਚੀਕਣੇ ਪੱਥਰ ਉੱਤੇ ਲੋਹੇ ਦੀ ਜ਼ੰਜੀਰ ਨਾਲ ਅਵਾਜ ਪੈਦਾ ਹੁੰਦੀ ਹੈ , ਇਹ ਆਵਾਜ਼ ਉਹਨਾ ਨੂੰ ਪਹੁੰਚ ਜਾਂਦੀ ਹੈ ਇੱਥੋਂ ਤੱਕ ਕਿ ਜਦੋਂ ਉਹਨਾਂ ਦੇ ਦਿਲਾਂ ਤੋਂ ਘਬਰਾਹਟ ਦੂਰ ਹੋ ਜਾਂਦੀ ਹੈ ਤਾਂ ਕਹਿੰਦੇ ਹਨ ਕਿ ਤੁਹਾਡੇ ਰੱਬ ਨੇ ਕੀ ਫ਼ਰਮਾਇਆ ਹੈ ? ਜਵਾਬ ਦਿੰਦੇ ਹਨ ਕਿ ਹੱਕ ਗੱਲ ਦਾ ਹੁਕਮ ਫ਼ਰਮਾਇਆ ਹੈ ਅਤੇ ਉਹ ਬਹੁਤ ਉੱਚਾ, ਸਭ ਤੋਂ ਬੜਾ ਹੈ। ਇਹਨਾਂ ਗੱਲਾਂ ਨੂੰ ਸ਼ੈਤਾਨ ਚੋਰੀ-ਚੋਰੀ ਸੁਣਣ ਦੀ ਕੋਸ਼ਿਸ਼ ਕਰਦੇ ਹਨ ਅਤੇ ਇਹਨਾਂ ਗੱਲਾਂ ਦੀ ਚੋਰੀ ਕਰਨ ਲਈ ਉਹ ਲੜੀ-ਵਾਰ ਧਰਤੀ ਤੋਂ ਆਕਾਸ਼ ਤੱਕ ਉੱਪਰ-ਥੱਲੇ ਹੁੰਦੇ ਹਨ।

ਰਵਾਇਤ ਕਰਨ ਵਾਲੇ ਹਜ਼ਰਤ ਸੁਫ਼ਯਾਨ (ਰਜ਼ੀ:) ਨੇ ਆਪਣੇ ਹੱਥ ਨੂੰ ਟੇਢਾ ਕੀਤਾ ਅਤੇ ਕੁੱਝ ਉਂਗਲੀਆਂ ਵਿੱਚ ਦੂਰੀ ਕੀਤੀ

ਜਦੋਂ ਉਹ ਸ਼ੈਤਾਨ ਕੋਈ ਗੱਲ ਸੁਣਦਾ ਹੈ ਇਹ ਉਸ ਨੂੰ ਆਪਣੇ ਹੇਠ ਵਾਲੇ ਨੂੰ ਦੱਸਦਾ ਹੈ ਅਤੇ ਉਹ ਆਪਣੇ ਹੇਠ ਵਾਲੇ ਨੂੰ ਦੱਸਦਾ ਹੈ ਇੱਥੋਂ ਤੱਕ ਕਿ ਉਹ ਕਾਹਨ (ਯੋਤਸ਼ੀ) ਤੇ

ਜਾਦੂਗਰਾਂ ਨੂੰ ਦੱਸਦਾ ਹੈ। ਕਦੇ ਇੰਜ ਵੀ ਹੁੰਦਾ ਹੈ ਕਿ ਕਾਹਨ ਨੂੰ ਦੱਸਣ ਤੋਂ ਪਹਿਲਾਂ ਹੀ ਅੱਗ ਦਾ ਗੋਲਾ ਉਸ ਨੂੰ ਸਾੜ ਦਿੰਦਾ ਹੈ ਅਤੇ ਕਦੇ ਗੱਲਾਂ ਦੱਸਣ ਤੋਂ ਬਾਅਦ ਉਸ ਉੱਤੇ ਆ ਡਿਗਦਾ ਹੈ। ਇਸ ਤੋਂ ਬਾਅਦ ਕਾਹਨ ਇਸ ਇੱਕ ਸੱਚ ਗੱਲ ਨਾਲ ਸੌ ਝੂਠ ਜੋੜਦਾ ਹੈ ਅਤੇ ਲੋਕਾਂ ਨੂੰ ਬਿਆਨ ਕਰਦਾ ਹੈ , ਜੇ ਕੁੱਝ ਹੋ ਜਾਵੇ ਤਾਂ ਕਿਹਾ ਜਾਂਦਾ ਹੈ ਕਿ ਫ਼ਲਾਂ ਦਿਨ, ਫ਼ਲਾਂ ਕਾਹਨ ਨੇ ਇਹ ਕਿਹਾ ਸੀ। ਕੇਵਲ ਇੱਕ ਸੱਚੀ ਗੱਲ ਦੇ ਕਾਰਨ ਜਿਹੜੀ ਅਸਮਾਨ ਤੋਂ ਸੁਣੀ ਗਈ ਸੀ ਲੋਕ ਉਸ ਕਾਹਨ ਦੀ ਗੱਲ ਦੇ ਸੱਚੀ ਹੋਣ ਦੀ ਪੁਸ਼ਟੀ ਕਰਨ ਲੱਗ ਜਾਂਦੇ ਹਨ ।

(ਸਹੀ ਬੁਖ਼ਾਰੀ 4800 , 4701)

ਅੰਮਾ ਆਇਸ਼ਾ (ਰ.ਜ) ਨੇ ਫ਼ਰਮਾਇਆ ਕੇ ਕੁੱਝ ਲੋਕਾਂ ਨੇ ਨਬੀ ﷺ ਤੋਂ ਕਾਹਿਨਾ ਬਾਰੇ ਪੁੱਛਿਆ ਤਾਂ ਨਬੀ ﷺ ਨੇ ਫ਼ਰਮਾਇਆ ਇਸਦੀ ਕੋਈ ਬੁਨਿਆਦ ਨਹੀਂ ਹੈ (ਇਹਨਾਂ ਦੀ ਕੋਈ ਹੈਸੀਅਤ ਨਹੀਂ 6213) (ਉਹਨਾਂ ਦੀ ਕਿਸੇ ਗੱਲ ਦਾ ਐਤਬਾਰ ਨਹੀਂ 7561)।

ਤਾਂ (ਉਹਨਾਂ ਲੋਕਾਂ ਨੇ) ਕਿਹਾ ਕਿ ਅੱਲਾਹ ਦੇ ਰਸੂਲ ਕਈ ਵਾਰ ਉਹ ਸਾਨੂੰ ਅਜਿਹੀ ਗੱਲ ਆਖਦੇ ਹਨ ਜੋ ਸਹੀ ਹੋ ਜਾਂਦੀ ਹੈ

ਤਾਂ ਨਬੀ ﷺ ਨੇ ਫ਼ਰਮਾਇਆ ਕੇ ਇਹ ਕਲਮਾ ਹੱਕ ਹੁੰਦਾ ਹੈ ਜੋ ਕਾਹਿਨ ਕਿਸੇ ਜਿੰਨ ਤੋਂ ਸੁਣ ਲੈਂਦਾ ਹੈ ,ਉਹ ਜਿੰਨ ਆਪਣੇ ਕਾਹਿਨ ਦੋਸਤ ਦੇ ਕੰਨ ਵਿੱਚ ਇਹ ਕਲਮਾਂ ਪਾ ਦਿੰਦਾ ਹੈ ਅਤੇ ਫਿਰ ਇਹ ਕਾਹਿਨ ਇਸ ਵਿੱਚ ਸੌ ਝੂਠ ਮਿਲਾ ਕੇ ਬਿਆਨ ਕਰਦਾ ਹੈ ।

(ਸਹੀ ਬੁਖ਼ਾਰੀ 5762)

ਕਾਹਿਨ ਅਤੇ ਕਹਾਨਤ ਦਾ ਹੁਕਮ

ਨਬੀ ﷺ ਨੇ ਕਹਿਨਾ ਨੂੰ ਉਜਰਤ ਦੇਣ ਤੋਂ ਮਨ੍ਹਾ ਫ਼ਰਮਾਇਆ ਹੈ

(ਬੁਖ਼ਾਰੀ 2237)

ਨਬੀ ﷺ ਨੇ ਕਾਹਿਨ ਨੂੰ ਆਪਣੀ ਕਹਾਨਤ ਦੀ ਵਜ੍ਹਾ ਨਾਲ ਮਿਲਣ ਵਾਲੇ ਹਦੀਏ (ਤੋਂਹਫੇ ਜਾਂ ਖਾਣ -ਪੀਣ ਵਾਲੀਆਂ ਚੀਜ਼ਾਂ ਆਦਿ) ਤੋਂ ਮਨ੍ਹਾ ਫ਼ਰਮਾਇਆ ਹੈ ।

ਬੁਖ਼ਾਰੀ 5761

ਮਤਲਬ ਕਿਸੇ ਮੁਸਲਮਾਨ ਲਈ ਜਾਇਜ ਨਹੀਂ ਕੇ ਉਹ ਇਹ ਤੋਂਹਫੇ ਜਾਂ ਖਾਣ -ਪੀਣ ਵਾਲੀਆਂ ਚੀਜ਼ਾਂ ਕੁਬੂਲ ਕਰੇ । ਇਸ ਉਸਦੇ ਲਈ ਹਰਾਮ ਹਨ ।

ਨਬੀ ﷺ ਨੇ ਫ਼ਰਮਾਇਆ ਕੇ ਜੋ ਇਨਸਾਨ ਕਿਸੇ ਆਰਾਫ (ਕਾਹਿਨ-ਨੁਜੂਮੀ) ਕੋਲ ਜਾਂਦਾ ਹੈ ਅਤੇ ਪੁੱਛ-ਗਿੱਛ ਕਰਦਾ ਹੈ , ਅਤੇ ਫਿਰ ਉਸਦੀ ਕਹੀ ਗੱਲ ਨੂੰ ਸਹੀ ਮੰਨ ਲੈਂਦਾ ਹੈ ਤਾਂ 40 ਦਿਨਾਂ ਤੱਕ ਉਸਦੀ ਨਮਾਜ ਕੁਬੂਲ ਨਹੀਂ ਹੋਵੇਗੀ ।

ਸਹੀ ਮੁਸਲਿਮ 2230

ਨੋਟ – ਇੱਥੇ ਇਹ ਨਾ ਸੋਚਿਆ ਜਾਵੇ ਕੇ ਨਮਾਜ ਤਾਂ ਕੁਬੂਲ ਨਹੀਂ ਹੋਣੀ ਫਿਰ ਪੜ੍ਹਨ ਦਾ ਕੀ ਫਾਇਦਾ ਤਾਂ ਇਹ ਖਿਆਲ ਰੱਖਿਆ ਜਾਵੇ ਕੇ ਸਿਰਫ਼ ਨਮਾਜ ਦਾ ਕੋਈ ਸਵਾਬ ਨਹੀਂ ਮਿਲੇਗੀ , ਪਰ ਉਸਨੂੰ ਅਦਾ ਕਰਨ ਦਾ ਫਰਜ ਤੁਹਾਡੇ ਜਿੰਮੇ ਰਹਿੰਦਾ ਹੈ ਅਗਰ ਅਦਾ ਨਹੀਂ ਕੀਤੀ ਤਾਂ ਫਰਜ਼ ਛੱਡਣ ਦਾ ਗੁਨਾਹ ਹੋਵੇਗਾ ,ਇਸ ਲਈ ਅਦਾ ਕਰਨ ਤੋਂ ਬਾਅਦ ਘੱਟੋ ਘੱਟ ਇਸ ਗੁਨਾਹ ਤੋਂ ਬੱਚ ਜਾਵੋਗੇ

ਨਬੀ ﷺ ਨੇ ਕਾਹਿਨਾ ਦੇ ਕੋਲ ਜਾਣ ਤੋਂ ਮਨ੍ਹਾ ਫ਼ਰਮਾਇਆ ਹੈ

(ਸਹੀ ਮੁਸਲਿਮ 1199 , ਸੁਨਨ ਨਸਾਈ 1219)

ਨਬੀ ﷺ ਨੇ ਕਾਹਿਨਾ ਦੇ ਨਜ਼ਰਾਨੇ ਤੋਂ ਮਨ੍ਹਾ ਕੀਤਾ ਹੈ

ਸਹੀ ਮੁਸਲਿਮ 4011

ਨਬੀ ﷺ ਨੇ ਕਾਹਿਨ ਦੀ ਸ਼ੀਰਨੀ (ਮਿਠਾਈ) (ਨਜਰ ਨਿਆਜ਼) ਤੋਂ ਮਨ੍ਹਾ ਕੀਤਾ ਹੈ

ਸੁਨਨ ਨਸਾਈ 4297

ਨਬੀ ﷺ ਨੇ ਫ਼ਰਮਾਇਆ ਅਗਰ ਕੋਈ ਕਾਹਿਨ - ਆਰਾਫ (ਨੁਜ਼ੂਮੀ) ਕੋਲ ਗਿਆ ਅਤੇ ਉਸਦੀ ਗੱਲ ਦੀ ਤਸਦੀਕ ਤਾਂ ਉਸਨੇ ਉਸ ਚੀਜ਼ (ਦੀਨ) ਨਾਲ ਕੁਫਰ ਕੀਤਾ ਜੋ ਮੁਹੰਮਦ ਉੱਪਰ ਨਾਜ਼ਿਲ ਕੀਤਾ ਗਿਆ ਹੈ,

(ਮੁਸਨਦ ਅਹਿਮਦ 9536, ਮੁਸਤਦਰਕ ਅਲ ਹਾਕਿਮ 15)

ਨਬੀ ﷺ ਨੇ ਫ਼ਰਮਾਇਆ ਅਗਰ ਕੋਈ ਇਨਸਾਨ ਕਾਹਿਨ ਕੋਲ ਗਿਆ ਜੋ ਗ਼ੈਬੀ ਖ਼ਬਰਾਂ ਦਿੰਦਾ ਹੈ ਅਤੇ ਉਸਦੀ ਗੱਲ ਦੀ ਤਸਦੀਕ ਕੀਤੀ ਤਾਂ ਉਹ ਮੁਹੰਮਦ ਉੱਪਰ ਨਾਜ਼ਿਲ ਕਰਦਾ ਦੀਨ ਤੋਂ ਬਰੀ (ਨਾਲ ਕੁਫਰ ਕੀਤਾ) ਹੈ

(ਤਿਰਮੀਜ਼ੀ 135, ਅਬੂ ਦਾਊਦ 3904, ਸ਼ੇਖ ਅਲਬਾਨੀ ਨੇ ਸਹੀ ਕਿਹਾ ਹੈ "ਸਹੀ ਸੁਨਨ ਅਬੂ ਦਾਊਦ" ਵਿੱਚ)

ਨਬੀ ﷺ ਨੇ ਫ਼ਰਮਾਇਆ ਜੋ ਇਨਸਾਨ ਕਿਸੇ ਕਾਹਿਨ ਕੋਲ ਗਿਆ ਅਤੇ (ਗ਼ੈਬੀ ਖ਼ਬਰ ਬਾਰੇ ਪੁੱਛਿਆ) ਅਤੇ ਉਸਦੀ ਕਹੀ ਹੋਈ ਗੱਲ ਨੂੰ ਸੱਚ ਮੰਨ ਲਿਆ ਤਾਂ ਉਸਨੇ ਮੁਹੰਮਦ ਉੱਪਰ ਨਾਜ਼ਿਲ ਕਰਦਾ (ਦੀਨ) ਨਾਲ ਕੁਫ਼ਰ ਕੀਤਾ ਸੁਨਨ ਇਬਨੇ ਮਾਜਾ 639 (ਸਹੀ)

ਨਬੀ ﷺ ਨੇ ਫ਼ਰਮਾਇਆ ਉਹ ਇਨਸਾਨ ਸਾਡੇ ਵਿੱਚੋਂ ਨਹੀਂ ਹੈ ਜੋ ਫ਼ਾਲ ਕੱਢੇ ਜਾਂ ਕੱਢਵਾਏ , ਕਹਾਨਤ ਕਰੇ ਜਾਂ ਕਰਾਵੇ , ਜਾਦੂ ਕਰੇ ਜਾਂ ਕਰਾਵੇ । ਅਤੇ ਜੋ ਇਨਸਾਨ ਕਿਸੇ ਕਾਹਿਨ ਕੋਲ ਜਾਵੇ ਅਤੇ ਉਸਦੀ ਕਹੀ ਹੋਈ ਗੱਲ ਦੀ ਤਸਦੀਕ ਕਰੇ ਤਾਂ ਉਸਨੇ ਉਸ ਦੀਨ ਦਾ ਇਨਕਾਰ ਕੀਤਾ ਜੋ ਮੁਹੰਮਦ ਉੱਪਰ ਨਾਜ਼ਿਲ ਕੀਤਾ ਗਿਆ ਹੈ ।

(ਇਸਨਾਦ ਹਸਨ ਲੀ ਗ਼ੈਰਿਹੀ ਸਿਲਸਿਲਾ ਸਹੀਹਾ 5/228 " ਸਨਦ ਜਈਅਦ"

ਉਮਰ (ਰ.ਜ) ਨੇ ਖ਼ਤ ਲਿਖਿਆ ਕੇ ਹਰ ਜਾਦੂਗਰ (ਸਾਹਿਰ) ਅਤੇ ਕਾਹਿਨ ਨੂੰ ਕਤਲ ਕਰ ਦੇਵੋ ।

(ਮੁਸਨਦ ਅਹਿਮਦ 1658- ਮੁਸਨਦ ਅਬਦੁਰ ਰਹਿਮਾਨ ਬਿਨ ਔਫ)

3. ਕੜਾ, ਧਾਗਾ (ਭਾਵ ਤਾਅਵੀਜ਼) ਆਦਿ ਦੀ ਵਰਤੋਂ ਕਰਨਾ ਸ਼ਿਰਕ ਹੈ।

ਅੱਲਾਹ ਤਆਲਾ ਸੂਰੇਹ ਅਲ-ਜ਼ੁਮਰ ਦੀ ਆਇਤ 38 ਵਿੱਚ ਫ਼ਰਮਾਉਂਦਾ ਹੈ:

ਭਾਵ "ਐ ਨਬੀ)! ਤੁਸੀਂ ਇਹਨਾਂ ਤੋਂ ਪੁੱਛੋ ਕਿ ਜੇਕਰ ਅੱਲਾਹ ਮੈਨੂੰ ਕੋਈ ਤਕਲੀਫ਼ ਦੇਣਾ ਚਾਹਵੇ ਤਾਂ ਕੀ ਇਹ (ਤੁਹਾਡੇ ਝੂਠੇ ਇਸ਼ਟ) ਉਸ ਤਕਲੀਫ਼ ਨੂੰ ਦੂਰ ਕਰ ਸਕਦੇ ਹਨ? ਜੇਕਰ ਅੱਲਾਹ ਮੇਰੇ ਉੱਤੇ ਕੋਈ ਮਿਹਰ ਕਰਨਾ ਚਾਹਵੇ ਤਾਂ ਕੀ ਇਹ ਉਸ ਦੀ ਮਿਹਰ ਨੂੰ ਰੋਕ ਸਕਦੇ ਹਨ?"

ਹਜ਼ਰਤ ਉਕਬਾ ਬਿਨ ਆਮਿਰ (ਰਜ਼ੀ:) ਦੱਸਦੇ ਹਨ ਕਿ ਨਬੀ(ﷺ) ਨੇ ਫ਼ਰਮਾਇਆ ਕਿ ਜਿਸ ਨੇ ਤਾਅਵੀਜ਼ ਲਟਕਾਇਆ ਤਾਂ ਅੱਲਾਹ ਉਸ ਦੀ ਮੁਰਾਦ ਨੂੰ ਕਦੇ ਪੂਰਾ ਨਾ ਕਰੇ ਅਤੇ ਜੋ ਸਿੱਪੀ ਆਦਿ ਲਟਕਾਉਂਦਾ ਹੈ ਉਸ ਨੂੰ ਕਦੇ ਆਰਾਮ ਨਾ ਦੇਵੇ।

(ਹਸਨ ਲੀ ਗ਼ੈਰੀਹਿ ਮੁਸਨਦ ਅਹਿਮਦ 17404,17422 ਸਹੀ ਇਬਨੇ ਹਿੱਬਾਨ 6086, ਮੁਸਤਦਰਕ ਅਲ ਹਾਕਿੰਮ 216,217)
(ਨੋਟ : ਇਸ ਹਦੀਸ ਵਿੱਚ ਤਮੀਮਾ ਅਤੇ ਵਦਾ ਦੀ ਮੁਜੱਮਤ ਬਿਆਨ ਕੀਤੀ ਗਈ ਹੈ ਕੋਈ ਵੀ ਚੀਜ ਓਹ ਲੋਹੇ ਦੀ ਹੋਵੇ ਜਾਂ ਪਿੱਤਲ ਦੀ ,ਸਿੱਪੀ ਜਾਂ ਮਣਕਾ ,ਜਾਂ ਥਾਗਾ ਓਸਨੂੰ ਗਲ ਵਿੱਚ ਲਟਕਾਉਣਾ ,ਗੁੱਟ ਜਾਂ ਡੋਲੈ ,ਉਂਗਲੀ ਜਾਂ ਪੈਰ ਦੇ ਗਿੱਟੇ ਤੇ ਬੰਨਣਾ ,ਇਸ ਨੀਯਤ ਨਾਲ ਕੇ ਇਸਦੀ ਵਜਾਹ ਨਾਲ ਆਰਾਮ ਆ ਜਾਵੇਗਾ ,ਸਖਤ ਮਨਾ ਹੈ ਬਲਕੇ ਸ਼ਿਰਕ ਹੈ)

ਇੱਕ ਰਿਵਾਇਤ ਵਿੱਚ ਹੈ ਕਿ ਜਿਸ ਨੇ ਤਾਅਵੀਜ਼ ਲਟਕਾਇਆ ਉਸ ਨੇ ਸ਼ਿਰਕ ਕੀਤਾ

ਇਸਨਾਦ ਹਸਨ (ਮੁਸਨਦ ਅਹਿਮਦ 17422 , ਮੁਸਤਦਰਕ ਅਲ ਹਾਕਿੰਮ 7513 , ਅਸ ਸਹੀਹਾ ਸੇਖ ਅਲਬਾਨੀ 492)

ਇਬਨੇ ਅਬੀ ਹਾਤਿਮ ਨੇ ਹਜ਼ਰਤ ਹੁਜ਼ੈਫ਼ਾ (ਰਜ਼ੀ:) ਬਾਰੇ ਰਿਵਾਇਤ ਕੀਤੀ ਹੈ ਕਿ ਉਹਨਾ ਨੇ ਇੱਕ ਵਿਅਕਤੀ ਵੇਖਿਆ ਜਿਸ ਦੇ ਹੱਥ ਵਿੱਚ ਬੁਖ਼ਾਰ ਨੂੰ ਦੂਰ ਕਰਨ ਲਈ ਦਮ ਕੀਤਾ ਹੋਇਆ ਧਾਗਾ ਬੰਨਿਆ ਹੋਇਆ ਸੀ। ਹਜ਼ਰਤ ਹੁਜ਼ੈਫ਼ਾ (ਰਜ਼ੀ:) ਨੇ ਉਸ ਨੂੰ ਕੱਟ ਸੁੱਟਿਆ ਅਤੇ ਇਹੋ ਆਇਤ ਪੜ੍ਹੀ,
ਭਾਵ “ਅਤੇ ਵਧੇਰੇ ਲੋਕ ਅਜਿਹੇ ਹਨ ਜਿਹੜੇ ਅੱਲਾਹ ਨੂੰ ਮੰਨਦੇ ਹਨ ਪਰ ਉਸ ਦੇ ਨਾਲ ਦੂਜਿਆਂ ਨੂੰ ਸ਼ਰੀਕ ਵੀ ਠਹਿਰਾਉਂਦੇ ਹਨ। ਸੂਰਤ ਯੂਸੁਫ਼ (106)

ਇਸਦੀ ਸਨਦ ਮੁਨਕਤੇ ਹੈ ਤਫ਼ਸੀਰ ਇਬਨੇ ਅਬੀ ਹਾਤਿਮ 7/2208

ਪਰ ਹਜ਼ਰਤ ਹੁਜ਼ੈਫ਼ਾ (ਰਜ਼ੀ:) ਤੋਂ ਇੱਕ ਹੋਰ ਰਵਾਇਤ ਹਸਨ ਸਨਦ ਨਾਲ ਮਰਵੀ ਹੈ ਜੋ ਉੱਪਰ ਵਾਲੀ ਮੁਨਕਤੇ ਰਵਾਇਤ ਤੋਂ ਬੇਨਿਆਜ ਕਰ ਦਿੰਦੀ ਹੈ

ਹਜ਼ਰਤ ਹੁਜ਼ੈਫ਼ਾ (ਰਜ਼ੀ:) ਇੱਕ ਵਾਰ ਕਿਸੇ ਮਰੀਜ ਦੀ ਅਯਾਦਤ (ਹਾਲ ਪੁੱਛਣ) ਲਈ ਗਏ । ਤਾਂ ਹੁਜ਼ੈਫ਼ਾ (ਰਜ਼ੀ:) ਨੇ ਇੱਕ ਤਵੀਜ ਜਾਂ ਚਮੜੇ ਦਾ ਇੱਕ ਤਸਮਾ ਉਸਦੇ ਗਲੇ ਵਿੱਚ ਲਟਕਦਾ ਦੇਖਿਆ, ਅਤੇ ਤੁਰੰਤ ਇਸਨੂੰ ਉਸਦੇ (ਗਲ੍ਹ ਵਿੱਚੋਂ) ਤੋੜ ਦਿੱਤਾ, ਅਤੇ ਇਹ ਆਇਤ ਪੜ੍ਹੀ:

ਭਾਵ “ਅਤੇ ਵਧੇਰੇ ਲੋਕ ਅਜਿਹੇ ਹਨ ਜਿਹੜੇ ਅੱਲਾਹ ਨੂੰ ਮੰਨਦੇ ਹਨ ਪਰ ਉਸ ਦੇ ਨਾਲ ਦੂਜਿਆਂ ਨੂੰ ਸ਼ਰੀਕ ਵੀ ਠਹਿਰਾਉਂਦੇ ਹਨ। ਸੂਰਤ ਯੂਸੁਫ਼ (106)

ਅਤੇ ਇੱਕ ਰਵਾਇਤ ਵਿੱਚ ਹੈ ਕਿ ਹਜ਼ਰਤ ਹੁਜ਼ੈਫ਼ਾ (ਰਜ਼ੀ:) ਨੇ ਉਸਨੂੰ ਕਿਹਾ: "ਜੇ ਤੂੰ ਇਸੇ ਹਾਲਤ ਵਿੱਚ ਮਰ ਜਾਂਦਾ (ਭਾਵ ਤਵੀਜ ਦੇ ਨਾਲ), ਤਾਂ ਮੈਂ ਤੇਰੇ ਜਨਾਜੇ ਦੀ ਨਮਾਜ ਨਾ ਪੜ੍ਹਦਾ।"

[ਹਦੀਸ ਸਹੀਹ ਹੈ, ਇਬਨੇ ਕਸੀਰ ਦੁਆਰਾ ਬਿਆਨ ਕੀਤਾ ਗਿਆ ਹੈ (ਅਤੇ ਇਬਨੇ ਅਬੀ ਹਾਤਿਮ ਨੇ ਆਪਣੀ ਤਫਸੀਰ: 7/2208, ਅਤ –ਤਿਰਮਿਜੀ 1535 , ਅਬੂ ਦਾਊਦ 3251, ਇਬਨੇ ਹਿੱਬਾਨ 10/200, ਹਾਕਿਮ 1/65 , ਮੁਸਨਦ ਅਬੀ ਅਵਾਨਾਹ 4/44, ਮੁਸਨਦ ਅਤ-ਤਯਾਲਸੀ 1896, ਅਹਿਮਦ 2/34, ਮੁਸੱਨਫ ਅਬਦੁਰ ਰਜ਼ਾਕ 15926]

ਅਤੇ ਇੱਕ ਰਵਾਇਤ ਵਿੱਚ ਹੈ ਕਿ ਹਜ਼ਰਤ ਹੁਜ਼ੈਫ਼ਾ (ਰਜ਼ੀ) ਇੱਕ ਵਾਰ ਕਿਸੇ ਮਰੀਜ ਦੀ ਅਯਾਦਤ (ਹਾਲ ਪੁੱਛਣ) ਲਈ ਗਏ ਅਤੇ ਉਸਦੀ ਬਾਂਹ ਵਿੱਚ ਇੱਕ ਧਾਗਾ ਬੰਨਿਆ ਹੋਇਆ ਸੀ। ਤਾਂ ਹਜ਼ਰਤ ਹੁਜ਼ੈਫ਼ਾ (ਰਜ਼ੀ:) ਨੇ ਕਿਹਾ ਇਹ ਕੀ ਹੈ ?
ਉਸਨੇ ਕਿਹਾ: ਇੱਕ ਧਾਗਾ ਰੁਕੀਆ ਕੀਤਾ ਹੋਇਆ (ਜਿਸ ਉੱਪਰ ਦਮ ਕੀਤਾ ਹੋਇਆ ਹੈ)
ਫਿਰ ਹਜ਼ਰਤ ਹੁਜ਼ੈਫ਼ਾ (ਰਜ਼ੀ) ਨੇ ਇਸਨੂੰ ਕੱਟ ਦਿੱਤਾ ਅਤੇ ਕਿਹਾ: ਜੇ ਤੁਸੀਂ ਇਸੇ ਤਰਾਂ ਮਰ ਗਏ ਹੁੰਦੇ, ਮੈਂ ਤੁਹਾਡੇ ਲਈ ਨਮਾਜ ਏ ਜਨਾਜ਼ਾ ਅਦਾ ਨਾ ਕਰਦਾ
[ਹਸਨ ਮੁਸੱਨਫ ਇਬਨੇ ਅਬੀ ਸ਼ੇਅਬਾਹ 23463]

ਹਜ਼ਰਤ ਇਮਰਾਨ ਬਿਨ ਹੁਸੈਨ (ਰਜ਼ੀ:) ਤੋਂ ਰਿਵਾਇਤ ਹੈ ਕਿ ਨਬੀ (ﷺ) ਨੇ ਇੱਕ ਵਿਅਕਤੀ ਦੇ ਹੱਥ ਵਿੱਚ ਪਿੱਤਲ ਦਾ ਛੱਲਾ ਵੇਖਿਆ ਤਾਂ ਪੁੱਛਿਆ ਇਹ ਕੀ ਹੈ? ਉਸ ਨੇ ਕਿਹਾ ਕਿ ਇਹ ਬਿਮਾਰੀ ਨੂੰ ਦੂਰ ਕਰਨ ਲਈ ਹੈ।ਫੇਰ ਫ਼ਰਮਾਇਆ ਕਿ ਇਸ ਨੂੰ ਉਤਾਰ

ਦੇ ਇਹ ਕਮਜ਼ੋਰੀ ਨੂੰ ਵਧਾਉਣ ਤੋਂ ਛੁੱਟ ਹੋਰ ਕੁੱਝ ਨਹੀਂ ਕਰੇਗਾ ਅਤੇ ਜੇਕਰ ਤੂੰ ਇਸ ਛੱਲੇ ਨੂੰ ਪਹਿਣੇ ਹੋਏ ਹੀ ਮਰ ਗਿਆ ਤਾਂ ਕਦੇ ਵੀ ਛੁਟਕਾਰਾ ਨਹੀਂ ਮਿਲੇਗਾ।

ਇਸਨਾਦ ਜਾਇਫ (ਅਹਿਮਦ 20000, ਇਬਨੇ ਮਾਜਾ 3531, ਮੁਸੱਨਫ਼ ਇਬਨੇ ਅਬੀ ਸਾਇਬਾ 23460,23461)

ਅਬੂ ਬਸ਼ੀਰ ਅਨਸਾਰੀ (ਰਜ਼ੀ:) ਦੱਸਦੇ ਹਨ ਕਿ ਉਹ ਇੱਕ ਸਫ਼ਰ ਵਿੱਚ ਨਬੀ (ﷺ) ਦੇ ਸੰਗੀ ਸਨ, ਆਪ (ﷺ) ਨੇ ਇੱਕ ਵਿਅਕਤੀ ਨੂੰ ਐਲਾਨ ਕਰਨ ਲਈ ਭੇਜਿਆ ਕਿ ਕਿਸੇ ਦੇ ਉੱਠ ਦੀ ਗਰਦਨ ਵਿੱਚ (ਬੁਰੀ ਨਜ਼ਰ ਤੋਂ ਬਚਾਉਣ ਲਈ) ਕੋਈ ਰੱਸੀ ਆਦਿ ਨਾ ਰਹੇ, ਜੇ ਹੋਵੇ ਤਾਂ ਕੱਟ ਦਿੱਤੀ ਜਾਵੇ।
(ਬੁਖ਼ਾਰੀ 3005 ਤੇ ਮੁਸਲਿਮ 2115)

ਹਜ਼ਰਤ ਅਬਦੁੱਲਾਹ ਇਬਨੇ ਮਸਊਦ (ਰਜ਼ੀ:) ਆਖਦੇ ਹਨ ਕਿ ਮੈ ਸੁਣਿਆ ਹੈ ਕਿ ਨਬੀ (ﷺ) ਨੇ ਫ਼ਰਮਾਇਆ ਕਿ ਝਾੜ-ਫੂਕ, ਤਾਅਵੀਜ਼-ਗੰਢੇ , ਜਾਦੂ (ਮੁਹੱਬਤ ਪੈਦਾ ਕਰਨ ਲਈ ਜਾਦੂਗਰੀ) ਆਦਿ ਸਭ ਕੁੱਝ ਸ਼ਿਰਕ ਹਨ।

(ਇਸਨਾਦ ਸਹੀ ਅਬੂ-ਦਾਊਦ 3883 , ਇਬਨੇ ਮਾਜਾ 3530 ਸ਼ੇਖ ਅਲਬਾਨੀ ਨੇ ਸਹੀ ਕਿਹਾ ਹੈ ਅਸ ਸਹੀਹਾ 331)।
[ਪੂਰੀ ਹਦੀਸ ਇਸ ਤਰਾਂ ਹੈ ਅਬਦੁੱਲਾ ਇਬਨੇ ਮਸਊਦ (ਰ.ਜ) ਨੇ ਕਿਹਾ:
ਅਬਦੁੱਲਾ ਇਬਨੇ ਮਸਊਦ ਦੀ ਪਤਨੀ ਜ਼ੈਨਬ ਨੇ ਦੱਸਿਆ ਕਿ ਅਬਦੁੱਲਾ ਨੇ ਕਿਹਾ: ਮੈਂ ਅੱਲ੍ਹਾ ਦੇ ਨਬੀ (ਸ) ਨੂੰ ਇਹ ਕਹਿੰਦੇ ਸੁਣਿਆ: ਝਾੜ-ਫੂਕ (ਜਾਦੂ-ਮੰਤਰ),ਤਾਵੀਜ ਅਤੇ ਤਿਵਾਲਾ (ਪਿਆਰ-ਪਦਾਰਥ) ਸਭ ਸ਼ਿਰਕ ਹਨ।
ਮੈਂ (ਪਤਨੀ ਜ਼ੈਨਬ ਨੇ) ਪੁੱਛਿਆ: ਤੁਸੀਂ ਅਜਿਹਾ ਕਿਉਂ ਕਹਿੰਦੇ ਹੋ? ਮੈਂ ਅੱਲ੍ਹਾ ਦੀ ਸੌਂਹ ਖਾਂਦੀ ਹਾਂ, ਜਦੋਂ ਮੇਰੀ ਅੱਖ ਦਰਦ ਦੀ ਸ਼ਿੱਦਤ ਨਾਲ ਡਿਗਦੀ ਜਾਂਦੀ ਸੀ, ਮੈਂ ਉਸ ਯਹੂਦੀ

ਔਰਤ ਕੋਲ ਦਮ ਕਰਵਾਉਣ ਜਾਂਦੀ ਸੀ, । ਜਦੋਂ ਉਸਨੇ ਮੇਰੇ 'ਤੇ ਦਮ ਕੀਤਾ,ਤਾ ਇਹ (ਅੱਖ ਦਾ ਦਰਦ) ਸ਼ਾਂਤ ਹੋ ਗਿਆ।
ਅਬਦੁੱਲਾ ਨੇ ਕਿਹਾ: ਇਹ ਸਿਰਫ ਸ਼ੈਤਾਨ ਦਾ ਕੰਮ ਸੀ ਜੋ ਇਸਨੂੰ (ਅੱਖ ਨੂੰ) ਆਪਣੇ ਹੱਥ ਨਾਲ (ਛੂੰਹਦਾ ਸੀ), ਅਤੇ ਜਦੋਂ ਉਸਨੇ ਇਸ 'ਤੇ ਦਮ ਕੀਤਾ ਤਾਂ ਉਹ (ਸ਼ੈਤਾਨ) ਹਟ ਗਿਆ।[1] ਤੁਹਾਨੂੰ ਸਿਰਫ਼ ਇਹ ਕਹਿਣ ਦੀ ਲੋੜ ਹੈ ਜਿਵੇਂ ਕਿ ਅੱਲ੍ਹਾ ਦੇ ਨਬੀ (ﷺ) ਨੇ ਕਿਹਾ ਸੀ: ਹੇ ਮਨੁੱਖਾਂ ਦੇ ਰੱਬ, ਬਿਮਾਰੀ ਨੂੰ ਦੂਰ ਕਰੋ, ਅਤੇ ਸ਼ਿਫ਼ਾ ਦੇ । ਤੂੰ ਹੀ ਸ਼ਿਫ਼ਾ ਦੇਣ ਵਾਲਾ ਹੈਂ। ਅਜਿਹੀ ਸ਼ਿਫ਼ਾ ਜੋ ਕੋਈ ਰੋਗ ਨਹੀਂ ਛੱਡਦੀ ।
(ਸੁਨਨ ਅਬੂ ਦਾਊਦ 3883 ਸਹੀ ਅਲ ਅਲਬਾਨੀ)
(1. ਤਾਂ ਕੇ ਸ਼ੈਤਾਨ ਤੁਹਾਡਾ ਇਮਾਨ ਖਰਾਬ ਕਰ ਸਕੇ)

ਹਜ਼ਰਤ ਅਬਦੁੱਲਾਹ ਬਿਨ ਹਕੀਮ (ਰਜ਼ੀ:) ਤੋਂ ਪਤਾ ਚਲਦਾ ਹੈ ਕਿ ਜਿਸ ਨੇ ਕੋਈ ਚੀਜ਼ ਲਟਕਾਈ ਤਾਂ ਉਸਨੂੰ ਉਸੇ ਦੇ ਹਵਾਲੇ ਕਰ ਦਿੱਤਾ ਜਾਵੇਗਾ।
(ਸ਼ੇਖ ਅਲਬਾਨੀ ਨੇ ਹਸਨ ਕਿਹਾ ਹੈ ਗਾਇਤ ਅਲ-ਮਰਾਮ 297)
(ਅਹਿਮਦ 18781,18786 ਤੇ ਤਿਰਮਿਜ਼ੀ 2072)।।

ਅਹਿਮਦ ਬਿਨ ਰੁਵੈਫ਼ਾ (ਰਜ਼ੀ:) ਬਿਆਨ ਕਰਦੇ ਹਨ ਕਿ ਮੈਨੂੰ ਨਬੀ (ﷺ) ਨੇ ਫ਼ਰਮਾਇਆ ਕਿ ਐ ਰੁਵੈਫ਼ਾ! ਸ਼ਾਇਦ ਕਿ ਤੁਸੀਂ ਇੱਕ ਲੰਮੇ ਸਮੇਂ ਲਈ ਜੀਵਿਤ ਰਹੋ। ਸੋ ਤੁਸੀਂ ਲੋਕਾਂ ਨੂੰ ਇਹ ਦੱਸ ਦੇਣਾ ਕਿ ਜਿਸ ਨੇ ਆਪਣੀ ਦਾੜ੍ਹੀ ਵਿੱਚ ਗੰਢ ਬੰਨੀ ਜਾਂ ਤੰਦ ਗਰਦਨ ਵਿੱਚ ਲਟਕਾਈ ਜਾਂ ਗੋਬਰ ਜਾਂ ਹੱਡੀ ਨਾਲ ਇਸਤੰਜਾ ਕੀਤਾ ਤਾਂ ਨਬੀ (ﷺ) ਉਸ ਤੋਂ ਬਰੀ ਹਨ।
(ਇਸਨਾਦ ਸਹੀ ਅਬੂ-ਦਾਊਦ 36, ਨਸਾਈ 5067 , ਸ਼ੇਖ ਅਲਬਾਨੀ ਨੇ ਸਹੀ ਕਿਹਾ ਮਿਸ਼ਕਾਤ 351)

ਹਜ਼ਰਤ ਸਈਦ ਬਿਨ ਜੁਬੈਰ (ਰਹਿ:) ਆਖਦੇ ਹਨ ਕਿ ਜਿਸਨੇ ਕਿਸੇ ਮਨੁੱਖ ਦੇ ਤਾਅਵੀਜ਼ ਨੂੰ ਕੱਟਿਆ ਤਾਂ ਇੰਜ ਹੈ ਕਿ ਜਿਵੇਂ ਕਿ ਉਸ ਨੇ ਇੱਕ ਗੁਲਾਮ ਨੂੰ ਆਜ਼ਾਦ ਕੀਤਾ। (ਇਸਨਾਦ ਜਈਫ਼ ਮੁਸੱਨਫ਼ ਇਬਨੇ ਅਬੀ ਸ਼ੈਬਾਅ)

[ਪਰ ਇਸਦੀ ਇੱਕ ਦੂਸਰੀ ਰਵਾਇਤ ਜਿਸਦੇ ਅਲਫਾਜ ਇਹ ਹਨ
ਸਈਦ ਬਿਨ ਜੁਬੈਰ ਨੇ "ਇੱਕ ਵਿਅਕਤੀ ਨੂੰ ਬੈਤੁਲਾਹ ਦਾ ਤਵਾਫ਼ ਕਰਦੇ ਦੇਖਿਆ ਜਿਸਨੇ ਆਪਣੇ ਗਲੇ ਵਿੱਚ ਮਣਕੇ ਪਾਏ ਹੋਏ ਸਨ ਤਾਂ ਸਈਦ ਬਿਨ ਜੁਬੈਰ ਨੇ ਇਸਨੂੰ ਕੱਟ ਦਿੱਤਾ।" ਮੁਸੰਨਫ਼ ਇਬਨੇ ਅਬੀ ਸ਼ੇਬਾਹ 23473 ਸਹੀ ਸਨਦ ਨਾਲ ਹੈ]

ਹਜ਼ਰਤ ਵਕੀਅ (ਰਹਿ:) ਨੇ ਇਸ ਨੂੰ ਰਿਵਾਇਤ ਕੀਤਾ ਹੈ ਅਤੇ ਹਜ਼ਰਤ ਇਬਰਾਹੀਮ ਨਖ਼ਈ (ਰਹਿ:) ਕਹਿੰਦੇ ਹਨ ਕਿ ਪਹਿਲਾਂ ਦੇ ਆਲਿਮ ਹਰ ਪ੍ਰਕਾਰ ਦੇ ਤਾਅਵੀਜ਼ਾਂ ਨੂੰ ਨਾ-ਪਸੰਦ ਕਰਦੇ ਸੀ ਭਾਵੇਂ ਉਹ ਕੁਰਆਨ ਵਿੱਚੋਂ ਹੋਣ ਜਾਂ ਇਸ ਤੋਂ ਇਲਾਵਾ ਹੋਣ
(ਇਸਨਾਦ ਜਈਫ਼ ਮੁਸੰਨਫ਼ ਇਬਨੇ ਅਬੀ ਸ਼ੇਬਾਹ 23467)
ਪਰ ਹਜ਼ਰਤ ਇਬਰਾਹੀਮ ਨਖ਼ਈ (ਰਹਿ:) ਇਸਨੂੰ ਨਾ ਪਸੰਦ ਕਰਦੇ ਸਨ
(ਮੁਸੰਨਫ਼ ਇਬਨੇ ਅਬੀ ਸ਼ੇਬਾਹ 23476)

4. ਕਬਰ ਪਰਸਤੀ ਅਤੇ ਦੀਨ ਵਿੱਚ ਗੁਲੂ ਕਰਨਾ

ਜਿੰਦਾ ਅਤੇ ਮੁਰਦਾ ਲੋਕਾਂ ਦੇ ਮੁਕਾਮ ਓ ਮਰਤਬੇ ਵਿੱਚ ਗੁਲੂ ਕਰਨਾ

ਗੁਲੂ ਤੋਂ ਭਾਵ-ਕਿਸੇ ਚੀਜ ਨੂੰ ਵਧਾ-ਚੜਾ ਕੇ ਪੇਸ਼ ਕਰਨਾ
ਕਿਸੇ ਚੀਜ ਵਿੱਚ ਮੁਬਾਲਗਾ ਕਰਨਾ , ਕਿਸੇ ਦੀ ਵਾਧੂ ਤਾਰੀਫ ਅਤੇ ਉਸਦੇ ਮੁਕਾਮ ਓ ਮਰਤਬੇ ਤੋਂ ਵਧਾ ਕੇ ਪੇਸ਼ ਕਰਨਾ
ਕਿਸੇ ਮਾਮਲੇ ਵਿੱਚ ਹੱਦ ਤੋਂ ਟੱਪ ਜਾਣਾ
ਬਿਨਾਂ ਵਜ੍ਹਾ ਕਿਸੇ ਮਾਮਲੇ ਵਿੱਚ ਤਕੱਲੁਫ਼ ਇਖਤਿਆਰ ਕਰਨਾ

ਹਜ਼ਰਤ ਇਬਨੇ ਅੱਬਾਸ (ਰਜ਼ੀ:) ਰਿਵਾਇਤ ਕਰਦੇ ਹਨ ਕਿ ਉਹ ਇਸ ਆਇਤ:

ਭਾਵ "ਉਹਨਾ ਨੇ ਆਖਿਆ ਤੁਸੀਂ ਆਪਣੇ ਇਸ਼ਟਾਂ ਨੂੰ ਕਦੇ ਵੀ ਨਾ ਛੱਡੋ ਅਤੇ ਨਾ ਹੀ ਤੁਸੀਂ 'ਵੱਦ' ਨੂੰ, ਨਾ 'ਸੁਆ' ਨੂੰ, ਨਾ 'ਯਗੂਸ' ਨੂੰ, ਨਾ 'ਯਊਕ' ਨੂੰ ਅਤੇ ਨਾ ਹੀ 'ਨਸਰ' ਨੂੰ ਛੱਡੋ"। (71:23)

ਦੇ ਸੰਬੰਧ ਵਿੱਚ ਕਹਿੰਦੇ ਹਨ ਕਿ ਇਹ ਸਾਰੇ ਲੋਕ ਕੌਮ ਨੂਹ ਦੇ ਨੇਕ ਲੋਕ ਸਨ। ਜਦੋਂ ਇਹਨਾਂ ਲੋਕਾਂ ਦਾ ਦਿਹਾਂਤ ਹੋ ਗਿਆ ਤਾਂ ਸ਼ੈਤਾਨ ਨੇ ਉਹਨਾ ਦੀ ਕੌਮ ਨੂੰ ਇਹ ਗੱਲ ਸਮਝਾਈ ਕਿ ਇਹ ਲੋਕ ਜਿੱਥੇ ਬੈਠੇ ਹੁੰਦੇ ਸਨ ਉੱਥੇ ਪੱਥਰ ਗੱਡ ਦਿਓ (ਬਤੌਰ ਏ ਯਾਦਗਾਰ ਬਣਾ ਦਿਓ) ਅਤੇ ਇਹਨਾਂ ਪੱਥਰਾਂ ਨੂੰ ਉਹਨਾਂ ਦੇ ਨਾਮਾਂ ਨਾਲ ਪੁਕਾਰੋ ਤਾਂ ਉਹਨਾਂ ਨੇ ਇਸੇ ਤਰ੍ਹਾਂ ਕੀਤਾ , ਅਤੇ ਉਸ ਦੌਰ ਵਿੱਚ ਇਹਨਾਂ ਪੱਥਰਾਂ ਦੀ ਪੂਜਾ ਨਹੀਂ ਕੀਤੀ ਗਈ | ਪਰ ਜਦੋਂ ਉਸ ਦੌਰ ਦੇ ਇਹ ਲੋਕ ਮਰ ਗਏ ,ਅਤੇ ਬਾਅਦ ਵਾਲਿਆਂ ਤੇ

ਜਹਾਲਤ ਛਾ ਗਈ ਅਤੇ ਇਲਮ ਜਾਂਦਾ ਰਿਹਾ ,ਅਤੇ ਅਸਲ ਗੱਲ ਭੁੱਲ ਗਏ ,ਤਾਂ ਉਹਨਾਂ ਲੋਕਾਂ ਨੇ ਇਹਨਾਂ ਯਾਦਗਾਰਾਂ ਦੀ ਇਬਾਦਤ ਕਰਨੀ ਸ਼ੁਰੂ ਕਰ ਦਿੱਤੀ |
(ਸਹੀ ਬੁਖਾਰੀ 4920)

ਇਬਨੇ ਕੱਈਯਮ (ਰਹਿ:) ਨੇ ਕਿਹਾ ਕਿ ਵਧੇਰੇ ਸਲਫ਼-ਸਾਲਹੀਨ ਨੇ ਇਹ ਕਿਹਾ ਹੈ ਕਿ ਜਦੋਂ ਉਹ ਸਾਰੇ ਲੋਕ ਮਰ ਗਏ ਤਾਂ ਪਹਿਲਾਂ ਇਹ ਲੋਕ ਉਹਨਾ ਕਬਰਾਂ ਦੇ ਮਜਾਵਰ ਬਣੇ, ਫ਼ੇਰ ਉਹਨਾ ਦੀਆਂ ਤਸਵੀਰਾਂ ਬਣਾਈਆਂ, ਫ਼ੇਰ ਇੱਕ ਲੰਮਾ ਸਮਾਂ ਬੀਤਣ ਮਗਰੋਂ ਉਹਨਾ ਦੀ ਇਬਾਦਤ (ਪੂਜਾ) ਕਰਨ ਲੱਗ ਪਏ।

ਹਜ਼ਰਤ ਉਮਰ (ਰਜ਼ੀ:) ਤੋਂ ਰਿਵਾਇਤ ਹੈ ਕਿ ਨਬੀ (ﷺ) ਨੇ ਫ਼ਰਮਾਇਆ
ਕਿ ਤੁਸੀਂ ਮੇਰੀ ਤਾਰੀਫ (ਪ੍ਰਸ਼ੰਸਾ) ਕਰਨ ਵਿੱਚ ਹੱਦ ਤੋਂ ਨਾ ਟੱਪਣਾ (ਫ਼ਾਲਤੂ ਗੱਲਾਂ ਨਾ ਵਧਾਓਣਾ), ਜਿਵੇਂ ਹਜ਼ਰਤ ਈਸਾ ਦੇ ਪੈਰੋਕਾਰਾਂ ਨੇ ਉਹਨਾ ਦੀ ਤਾਰੀਫ਼ ਵਿੱਚ ਹੱਦ ਤੋਂ ਟੱਪ ਗਏ । ਮੈਂ ਇੱਕ ਬੰਦਾ ਹਾਂ ਸੋ ਤੁਸੀਂ ਮੈਨੂੰ ਅੱਲਾਹ ਦਾ ਬੰਦਾ ਅਤੇ ਉਸ ਦਾ ਰਸੂਲ ਕਹੋ।
(ਸਹੀ ਬੁਖਾਰੀ 3445 , 6830)

ਹਜ਼ਰਤ ਇਬਨੇ ਅੱਬਾਸ (ਰਜ਼ੀ:) ਕਹਿੰਦੇ ਹਨ ਕਿ ਨਬੀ (ﷺ) ਨੇ ਫ਼ਰਮਾਇਆ ਕਿ ਗੁਲੂ (ਵਾਧੂ ਪ੍ਰਸ਼ੰਸਾ) ਤੋਂ ਬਚੋ ਕਿਉਂ ਜੋ ਪਹਿਲੀਆਂ ਉੱਮਤਾਂ ਨੂੰ ਗੁਲੂ ਨੇ ਹੀ ਬਰਬਾਦ ਕੀਤਾ ਹੈ।
(ਇਸਨਾਦ ਸਹੀ ਸੁਨਨ ਨਸਾਈ 3057 , ਇਬਨੇ ਮਾਜਾ 3029 ,ਅਸ ਸਹੀਹਾ ਸੇਖ ਅਲਬਾਨੀ 1283)
ਹਜਰਤ ਅਬਦੁੱਲਾਹ ਇਬਨੇ ਮਸਊਦ (ਰ.ਜ) ਤੋਂ ਰਵਾਇਤ ਹੈ ਕੇ ਨਬੀ (ﷺ) ਨੇ ਇਹ ਤਿੰਨ ਵਾਰ ਆਖਿਆ ਕੇ ਗੁਲੂ ਵਿੱਚ ਗਹਿਰੇ ਉੱਤਰਣ ਵਾਲੇ ਹਲਾਕ ਹੋ ਗਏ (ਤਕੱਲੁਫ਼ ਇਖਤਿਆਰ ਕਰਨ ਵਾਲੇ ਅਤੇ ਹੱਦ ਤੋਂ ਟੱਪਣ ਵਾਲੇ ਹਲਾਕ ਹੋ ਗਏ)
ਸਹੀ ਮੁਸਲਿਮ 2670 (6784)

ਕਬਰ-ਪਰਸਤੀ

ਹਜ਼ਰਤ ਆਇਸ਼ਾ (ਰਜ਼ੀ:) ਤੋਂ ਰਿਵਾਇਤ ਹੈ ਕਿ ਹਜ਼ਰਤ ਉੱਮੇ ਸਲਮਾ (ਰਜ਼ੀ:) ਨੇ ਨਬੀ (ﷺ) ਦੇ ਸਾਹਮਣੇ ਇੱਕ ਗਿਰਜਾ-ਘਰ (ਈਸਾਈਆਂ ਦੀ ਇਬਾਦਤਗਾਹ) ਅਤੇ ਉਸ ਵਿੱਚ ਤਸਵੀਰਾਂ ਅਤੇ ਮੁਜੱਸਮੇ ਬਾਰੇ ਜਿਕਰ ਕੀਤਾ ਜੋ ਉਹਨਾਂ ਨੇ ਹਬਸ਼ਾ ਵਿੱਚ ਦੇਖਿਆ ਸੀ। ਤਾਂ ਨਬੀ (ﷺ) ਨੇ ਆਖਿਆ ਕਿ ਉਹਨਾ ਵਿੱਚੋਂ ਜਦੋਂ ਕਿਸੇ ਨੇਕ ਆਦਮੀ ਦਾ ਦਿਹਾਂਤ ਹੋ ਜਾਂਦਾ ਤਾਂ ਉਹ ਉਸ ਦੀ ਕਬਰ ਉੱਤੇ ਮਸਜਿਦ ਬਣਾ ਲੈਂਦੇ ਅਤੇ ਉਸ ਵਿੱਚ ਇਹ ਤਸਵੀਰਾਂ ਅਤੇ (ਮੂਰਤੀਆਂ) ਬਣਾ ਦਿੰਦੇ। ਇਹ ਲੋਕ ਅੱਲਾਹ ਤਆਲਾ ਦੇ ਨਜਦੀਕ ਬਦਤਰੀਨ ਮੱਖਲੂਕ ਹਨ (ਬਹੁਤ ਹੀ ਜ਼ਿਆਦਾ ਬੁਰੇ ਲੋਕ ਹਨ) । ਇਹਨਾਂ ਲੋਕਾਂ ਨੇ ਦੋ ਫ਼ਿਤਨੇ ਇਕੱਠੇ ਕੀਤੇ, ਪਹਿਲਾ ਕਬਰਾਂ ਨੂੰ ਇਬਦਤਗਾਹ ਬਣਾਉਣ ਦਾ ਅਤੇ ਦੂਜਾ ਤਸਵੀਰਾਂ-ਮੂਰਤੀਆਂ ਦਾ
(ਸਹੀ ਬੁਖ਼ਾਰੀ 3837 , ਸਹੀ ਮੁਸਲਿਮ 528)

ਹਜ਼ਰਤ ਆਇਸ਼ਾ (ਰਜ਼ੀ:) ਤੋਂ ਰਿਵਾਇਤ ਹੈ ਕਿ ਜਦੋਂ ਆਪ (ﷺ) ਦਾ ਦਿਹਾਂਤ ਦਾ ਵੇਲਾ ਆਇਆ ਤਾਂ ਆਪ (ﷺ) ਬਹੁਤ ਤਕਲੀਫ਼ ਨਾਲ ਆਪਣੀ ਚਾਦਰ ਕਦੇ ਚਿਹਰੇ 'ਤੇ ਲੈਂਦੇ ਅਤੇ ਕਦੇ ਹਟਾ ਦਿੰਦੇ। ਇਸੇ ਹਾਲਤ ਵਿੱਚ ਆਪ (ﷺ) ਨੇ ਫ਼ਰਮਾਇਆ ਕਿ ਅੱਲਾਹ ਤਆਲਾ ਯਹੂਦੀਆਂ ਤੇ ਈਸਾਈਆਂ ਉੱਤੇ ਲਾਅਨਤ ਕਰੇ ਕਿ ਉਹਨਾ ਨੇ ਆਪਣੇ ਨਬੀਆਂ ਦੀਆਂ ਕਬਰਾਂ ਨੂੰ ਇਬਾਦਤਗਾਹ (ਸਿਜਦਾਗਾਹ) ਬਣਾ ਲਿਆ।

(ਸਹੀ ਬੁਖ਼ਾਰੀ 438, 1330, 1390, 3453 , 4443 , 5816 ਤੇ ਸਹੀ ਮੁਸਲਿਮ 531)

ਇਸ ਤੋਂ ਆਪ (ﷺ)ਆਪਣੀ ਉੱਮਤ ਨੂੰ ਡਰਾਉਂਦੇ ਰਹਿੰਦੇ ਸਨ।

ਜੇਕਰ ਨਬੀ (ﷺ) ਦੀ ਕਬਰ ਨੂੰ ਸਿਜਦਾਗਾਹ ਬਣਾਏ ਜਾਣ ਦਾ ਡਰ ਨਾ ਹੁੰਦਾ ਤਾਂ ਆਪ (ﷺ) ਦੀ ਕਬਰ ਵੀ ਆਮ ਸਹਾਬਾ (ਰਜ਼ੀ:) ਦੀਆਂ ਕਬਰਾਂ ਦੇ ਵਾਂਗ ਹੀ ਵਿਖਾਈ ਦਿੰਦੀ।

ਹਜ਼ਰਤ ਜੁਨਦਬ ਬਿਨ ਅਬਦੁੱਲਾਹ (ਰਜ਼ੀ:)ਰਿਵਾਇਤ ਕਰਦੇ ਹਨ ਕਿ ਮੈ ਨਬੀ (ﷺ) ਨੂੰ ਆਪਣੇ ਦਿਹਾਂਤ ਤੋਂ ਪੰਜ ਦਿਨ ਪਹਿਲਾਂ ਇਹ ਫ਼ਰਮਾਉਂਦੇ ਹੋਏ ਸੁਣਿਆ ਸੀ ਕਿ 'ਮੈਂ ਅੱਲਾਹ ਤਆਲਾ ਦੇ ਸਾਹਮਣੇ ਇਸ ਗੱਲ ਤੋਂ ਦੂਰੀ ਦਾ ਇੱਜਹਾਰ ਕਰਦਾ ਹਾਂ ਕੇ ਤੁਹਾਡੇ ਵਿੱਚੋਂ ਮੇਰਾ ਕੋਈ ਖ਼ਲੀਲ ਹੋਵੇ ,ਕਿਉਂਕਿ ਅੱਲਾਹ ਤਆਲਾ ਨੇ ਜਿਸ ਤਰ੍ਹਾਂ ਹਜ਼ਰਤ ਇਬਰਾਹੀਮ (ਅਲੈ:) ਨੂੰ ਖ਼ਲੀਲ (ਦੋਸਤ) ਬਣਾਇਆ ਐਵੇਂ ਹੀ ਮੈਨੂੰ ਵੀ ਆਪਣਾ ਖ਼ਲੀਲ ਬਣਾਇਆ। ਜੇਕਰ ਮੈਂ ਆਪਣੀ ਉੱਮਤ ਵਿੱਚੋਂ ਕਿਸੇ ਨੂੰ ਦੋਸਤ ਬਣਾਉਂਦਾ ਤਾਂ ਅਬੂ-ਬਕਰ ਸਿੱਦੀਕ (ਰਜ਼ੀ:) ਨੂੰ ਬਣਾਉਂਦਾ।
ਖ਼ਬਰਦਾਰ ! ਤੁਹਾਡੇ ਤੋਂ ਪਹਿਲੇ ਲੋਕੀ ਆਪਣੇ ਨਬੀਆਂ ਅਤੇ ਨੇਕ ਲੋਕਾਂ ਦੀਆਂ ਕਬਰਾਂ ਨੂੰ ਸੱਜਦਾਗਾਹ (ਇਬਾਦਤਗਾਹ) ਬਣਾ ਲਿਆ ਕਰਦੇ ਸਨ। ਤੁਸੀਂ ਕਬਰਾਂ ਨੂੰ ਇਬਾਦਤਗਾਹ ਨਾ ਬਨਾਉਣਾ। ਮੈਂ ਤੁਹਾਨੂੰ ਇਸ ਗੱਲ ਤੋਂ ਰੋਕਦਾ ਹਾਂ।
ਸਹੀ ਮੁਸਲਿਮ 532

ਆਪ (ﷺ) ਨੇ ਇਸ ਤੋਂ ਉਮਰ ਦੇ ਆਖ਼ਰੀ ਲਮਹੇ ਵਿੱਚ ਰੋਕਿਆ ।
ਅਤੇ ਫਿਰ ਜਿੰਦਗੀ ਅਤੇ ਮੌਤ ਦੀ ਕਸਮਕਸ਼ ਦੌਂਰਾਨ ਆਪ (ﷺ) ਨੇ ਅਜਿਹਾ ਅਮਲ ਕਰਨ ਵਾਲਿਆਂ ਤੇ ਲਾਅਨਤ ਕੀਤੀ
(ਪਤਾ ਲੱਗਿਆ ਕੇ) ਅਗਰ ਕਬਰ ਪਰਸਤੀ ਨਾ ਵੀ ਹੋਵੇ ਤਾਂ ਵੀ ਕਬਰ ਵਾਲੀ ਜਗ੍ਹਾ ਤੇ ਨਮਾਜ ਪੜ੍ਹਨਾ ਮਨਾ ਹੈ ਇਹੋ ਮਤਲਬ ਹੈ ਇਸ ਹਦੀਸ ਦਾ ਕਿਉਂਕਿ ਸਹਾਬਾ (ਰਜ਼ੀ:) ਤੋਂ ਆਪ (ﷺ) ਦੀ ਕਬਰ ਉੱਤੇ ਮਸਜਿਦ ਬਣਾਉਣ ਦਾ ਕੋਈ ਖਤਰਾ ਨਹੀਂ ਸੀ ਅਤੇ ਜਿਸ

ਥਾਂ ਨਮਾਜ਼ ਪੜ੍ਹੀ ਜਾਂਦੀ ਹੈ ਉਹ ਥਾਂ ਮਸਜਿਦ ਹੀ ਦਾ ਹੁਕਮ ਰੱਖਦੀ ਹੈ। ਇਹੋ ਨਹੀਂ ਸਗੋਂ ਹਰ ਉਹ ਜਗ੍ਹਾ ਜਿੱਥੇ ਨਮਾਜ਼ ਅਦਾ ਹੁੰਦੀ ਹੈ ਉਸਨੂੰ ਵੀ ਮਸਜਿਦ ਦਾ ਨਾਮ ਦਿੱਤਾ ਜਾਂਦਾ ਹੈ।

ਜਿਵੇਂ ਕੇ ਨਬੀ (ﷺ) ਨੇ ਫ਼ਰਮਾਇਆ, ਮੇਰੇ ਲਈ ਸਾਰੀ ਜ਼ਮੀਨ ਨੂੰ ਮਸਜਿਦ ਅਤੇ ਜਰੀਆ ਏ ਤਹਾਰਤ (ਤਅੱਯਮੁਮ ਕਰਨ ਦਾ ਸਾਧਨ) ਬਣਾ ਦਿੱਤਾ ਗਿਆ ਹੈ।
(ਸਹੀ ਬੁਖ਼ਾਰੀ 335 , 438 ਸਹੀ ਮੁਸਲਿਮ 521)

ਉਹਨਾ ਵਿਅਕਤੀਆਂ 'ਤੇ ਜਿਹੜਾ ਕਬਰਾਂ ਵਿੱਚ ਮਸਜਿਦ ਬਣਾਕੇ ਜਾਂ ਬਿਨਾਂ ਮਸਜਿਦ ਬਣਾਏ ਨਮਾਜ਼ ਪੜੇ' ਲਾਅਨਤ ਹੈ

ਹਜ਼ਰਤ ਇਬਨੇ ਮਸਊਦ (ਰਜ਼ੀ:) ਤੋਂ ਹੱਸਨ ਦਰਜੇ ਦੀ ਰਿਵਾਇਤ ਮਿਲਦੀ ਹੈ ਕਿ ਨਬੀ (ﷺ) ਨੇ ਫ਼ਰਮਾਇਆ, ਉਹ ਲੋਕ ਸਬ ਤੋਂ ਬੁਰੇ ਹੋਣਗੇ ਜਿਹੜੇ ਜਿਉਂਦੇ ਹੋਣਗੇ ਅਤੇ ਉਹਨਾ ਉੱਤੇ ਕਿਆਮਤ ਕਾਇਮ ਹੋ ਜਾਵੇਗੀ ਅਤੇ ਉਹ ਲੋਕ ਵੀ ਬਹੁਤ ਬੁਰੇ ਹੋਣਗੇ ਜਿਹੜੇ ਕਬਰਾਂ ਨੂੰ ਮਸਜਿਦ ਬਣਾ ਲੈਣਗੇ।
(ਇਸਨਾਦ ਹਸਨ ਮੁਸਨਦ ਅਹਿਮਦ 1694 , ਸਹੀ ਇਬਨੇ ਹਿੱਬਾਨ 2325 , ਸਹੀ ਇਬਨੇ ਖ਼ੁਜ਼ੈਮਾਂ 789 ,ਸੇਖ ਅਲਬਾਨੀ ਨੇ ਹਸਨ ਕਿਹਾ ਤਹਜੀਰ ਅਲ ਮਸਾਜਿਦ 26 - 27)

ਰਸੂਲ (ﷺ) ਨੇ ਫ਼ਰਮਾਇਆ ਐ ਅੱਲਾਹ ! ਮੇਰੀ ਕਬਰ ਨੂੰ ਬੁੱਤ ਨਾ ਬਣਾਈਂ ਜਿਸਦੀ ਲੋਕ ਇਬਾਦਤ ਸ਼ੁਰੂ ਕਰ ਦੇਣ । ਉਹਨਾਂ ਲੋਕਾਂ ਤੇ ਅੱਲਾਹ ਦਾ ਸਖ਼ਤ ਗਜਬ ਅਤੇ ਕਹਿਰ ਨਾਜਿਲ ਹੋਵੇ ਜਿਨ੍ਹਾਂ ਨੇ ਆਪਣੇ ਨਬੀਆਂ ਦੀਆਂ ਕਬਰਾਂ ਨੂੰ ਇਬਾਦਤਗਾਹ ਬਣਾਇਆ

(ਇਸਨਾਦ ਸਹੀ ਲੀ ਗੈਰਿਹੀ ਮੁਅੱਤਾ ਇਮਾਮ ਮਲਿਕ 475 ਮੁਰਸਲ , ਸਵਾਹਿਦ ਮੁਸਨਦ ਅਹਿਮਦ 7357 , ਅੱਲਾਮਾ ਸੇਖ ਅਲਬਾਨੀ ਨੇ ਸਹੀ ਕਿਹਾ ਤੱਖਰੀਜ ਮਿਸ਼ਕਾਤ 715)

ਅੱਲਾਮਾ ਇਬਨੇ ਜਰੀਰ (ਰਹਿ:) ਨੇ ਸੁਫ਼ਯਾਨ ਸੌਰੀ (ਰਹਿ:) ਰਾਹੀਂ ਮਨਸੂਰ (ਰਹਿ:) ਤੋਂ ਰਿਵਾਇਤ ਕੀਤਾ ਹੈ ਕਿ ਉਹ ਮੁਜਾਹਿਦ (ਰਹਿ:) ਤੋਂ ਬਿਆਨ ਕਰਦੇ ਹਨ ਕਿ ਆਇਤ ਭਾਵ "ਕੀ ਤੁਸੀਂ 'ਲਾਤ ਅਤੇ ਉੱਜ਼ਾ' ਨੂੰ ਵੇਖਿਆ ਹੈ"?

(53:19)

ਵਿੱਚ ਲਾਤ ਮੁਸਾਫ਼ਿਰਾਂ ਨੂੰ ਸੱਤੂ ਘੋਲ ਕੇ ਪਿਲਾਇਆ ਕਰਦਾ ਸੀ, ਜਦੋਂ ਉਹ ਮਰ ਗਿਆ ਤਾਂ ਲੋਕ ਉਸ ਦੀ ਕਬਰ ਉੱਤੇ ਮੁਜਾਵਰ ਬਣ ਕੇ ਬੈਠ ਗਏ

(ਇਸਨਾਦ ਸਹੀ ਤਫ਼ਸੀਰ ਇਬਨੇ ਜਰੀਰ)

ਇਸੇ ਤਰ੍ਹਾਂ ਅਬੁਲ ਜੌਜ਼ਾਅ (ਰਹਿ:) ਨੇ ਹਜ਼ਰਤ ਇਬਨੇ ਅੱਬਾਸ (ਰਜ਼ੀ:) ਤੋਂ ਰਿਵਾਇਤ ਕੀਤਾ ਹੈ ਕਿ ਇਹ ਹਾਜੀਆਂ ਨੂੰ ਸੱਤੂ ਘੋਲ ਕੇ ਪਿਲਾਇਆ ਕਰਦਾ ਸੀ।

(ਸਹੀ ਬੁਖ਼ਾਰੀ 4859)

ਹਜ਼ਰਤ ਇਬਨੇ ਅੱਬਾਸ (ਰਜ਼ੀ:) ਤੋਂ ਰਿਵਾਇਤ ਹੈ ਕਿ ਰਸੂਲ ﷺ ਨੇ ਕਬਰਾਂ ਦੀ ਜ਼ਿਆਰਤ ਕਰਨ ਵਾਲੀਆਂ ਜ਼ਨਾਨੀਆਂ ਉੱਤੇ ਲਾਅਨਤ ਕੀਤੀ ਹੈ ਅਤੇ ਉਹਨਾਂ ਉੱਤੇ ਵੀ ਜਿਹੜੇ ਕਬਰਾਂ ਨੂੰ ਮਸਜਿਦ ਬਣਾਉਂਦੇ ਹਨ ਅਤੇ ਚਿਰਾਗ਼ ਜਲਾਉਂਦੇ ਹਨ।

(ਇਸਨਾਦ ਜਈਫ਼ ਅਬੂ-ਦਾਊਦ 3236 , ਤਿਰਮਿਜ਼ੀ 320)

ਹਜ਼ਰਤ ਅਬੂ-ਹੁਰੈਰਾ (ਰਜ਼ੀ:) ਤੋਂ ਰਿਵਾਇਤ ਹੈ ਕਿ ਨਬੀ (ﷺ) ਨੇ ਫ਼ਰਮਾਇਆ ਆਪਣੇ ਘਰਾਂ ਨੂੰ ਕਬਰਸਤਾਨ ਨਾ ਬਣਾਓ ਅਤੇ ਨਾ ਹੀ ਮੇਰੀ ਕਬਰ ਉੱਤੇ ਮੇਲਾ ਲਗਾਓ। ਮੇਰੇ ਉੱਤੇ ਦਰੂਦ ਭੇਜੋ ਅਤੇ ਜਿਹੜੀ ਥਾਂ ਤੋਂ ਵੀ ਮੇਰੇ ਉੱਤੇ ਦਰੂਦ ਭੇਜੋਗੇ, ਉਹ ਮੇਰੇ ਤੱਕ ਪਹੁੰਚ ਜਾਵੇਗਾ।

(ਹਸਨ ਲੀ ਜਾਤੀਹੀ ਅਬੂ ਦਾਊਦ 2042 ,ਸੇਖ ਅਲਬਾਨੀ ਨੇ ਸਹੀ ਕਿਹਾ ਹੈ “ਸਹੀ ਅਬੂ ਦਾਊਦ” ਵਿੱਚ)

ਹਜ਼ਰਤ ਅਲੀ ਬਿਨ ਹੁਸੈਨ (ਰਜ਼ੀ:) ਦੱਸਦੇ ਹਨ ਕਿ ਉਹਨਾ ਨੇ ਇੱਕ ਵਿਅਕਤੀ ਨੂੰ ਵੇਖਿਆ ਕਿ ਉਹ ਨਬੀ (ﷺ) ਦੀ ਕਬਰ ਕੋਲ ਆਇਆ ਅਤੇ ਇੱਕ ਖੱਡ ਵਿੱਚ ਦੀ ਅੰਦਰ ਜਾ ਕੇ ਦੁਆ ਕੀਤੀ, ਉਹਨਾ ਨੇ ਉਸ ਨੂੰ ਰੋਕਿਆ ਅਤੇ ਆਖਿਆ, ਮੈਂ ਤੁਹਾਨੂੰ ਉਹ ਚੀਜ਼ ਦੱਸਾਂ ਜਿਹੜੀ ਮੇਰੇ ਪਿਤਾ ਹਜ਼ਰਤ ਹੁਸੈਨ (ਰਜ਼ੀ:) ਨੇ ਹਜ਼ਰਤ ਅਲੀ (ਰਜ਼ੀ:) ਤੋਂ ਬਿਆਨ ਕੀਤੀ। ਉਹ ਕਹਿੰਦੇ ਸਨ ਕਿ ਨਬੀ (ﷺ) ਨੇ ਫ਼ਰਮਾਇਆ ਹੈ ਕਿ ਮੇਰੀ ਕਬਰ ਨੂੰ ਮੇਲੇ ਦੀ ਥਾਂ ਨਾ ਬਨਾਉਣਾ ਅਤੇ ਨਾ ਹੀ ਆਪਣੇ ਘਰਾਂ ਨੂੰ ਕਬਰਸਤਾਨ ਬਨਾਉਣਾ। ਇਸ ਲਈ ਕਿ ਤੁਸੀਂ ਜਿੱਥੋਂ ਵੀ ਦਰੂਦ ਵ ਸਲਾਮ ਪੜ੍ਹੋਗੇ ਮੇਰੇ ਤੱਕ ਪਹੁੰਚ ਜਾਵੇਗਾ।

(ਇਸਨਾਦ ਹਸਨ ਲੀ ਗੈਰਿਹੀ ਮੁਸੱਨਫ਼ ਇਬਨੇ ਅਬੀ ਸ਼ੈਬਾਹ 7542, ਮੁਸਨਦ ਅਬੂ ਯਾਅਲਾ 369 , ਸੇਖ ਅਲਬਾਨੀ ਨੇ ਹਸਨ ਕਿਹਾ ਤਹਜੀਰ ਅਲ ਮਸਾਜਿਦ ਪ 140 , ਅਹਕਾਮ ਅਲ ਜਨਾਇਜ਼ ਪ 280-281)

ਹਾਫ਼ਿਜ਼ ਬਰਕਾਨੀ (ਰਹਿ:) ਨੇ ਆਪਣੀ ਕਿਤਾਬ ਸਹੀ ਵਿੱਚ ਲਿਖਿਆ ਹੈ ਅਤੇ ਇਸ ਵਿੱਚ ਇਹ ਵਾਧਾ ਕੀਤਾ ਕਿ
ਮੈਂ ਆਪਣੀ ਉੱਮਤ ਦੇ ਬਾਰੇ ਵਿੱਚ ਗੁੰਮਰਾਹ ਹੋਏ ਆਗੂਆਂ ਤੋਂ ਡਰਦਾ ਹਾਂ ਅਤੇ ਜਦੋਂ ਉਹਨਾ ਵਿੱਚ ਇੱਕ ਵਾਰ ਤਲਵਾਰ ਚੱਲੇਗੀ ਤਾਂ ਉਹ ਕਿਆਮਤ ਤੱਕ ਨਹੀਂ ਰੁਕੇਗੀ ਅਤੇ ਉਸ ਸਮੇਂ ਤੱਕ ਕਿਆਮਤ ਨਹੀਂ ਆਵੇਗੀ ਜਦੋਂ ਤੱਕ ਮੇਰੀ ਉੱਮਤ ਦਾ ਇੱਕ ਧੜਾ ਮੁਸ਼ਰਿਕਾਂ ਨਾਲ ਨਾ ਜਾ ਮਿਲੇ ਅਤੇ ਜਦੋਂ ਮੇਰੀ ਉੱਮਤ ਦੀ ਬਹੁ-ਗਿਣਤੀ ਬੁੱਤ ਪਰਸਤੀ ਨਾ ਕਰਨ ਲੱਗ ਜਾਣ । ਬੇਸ਼ੱਕ ਮੇਰੀ ਉੱਮਤ ਵਿੱਚ 30 ਦੱਜਾਲ (ਕੱਜ਼ਾਬ) (ਝੂਠੇ) ਜਨਮ ਲੈਣਗੇ, ਜਿਨ੍ਹਾਂ ਵਿੱਚੋਂ ਹਰ ਕੋਈ ਨਬੀ ਹੋਣ ਦਾ ਦਾਅਵਾ ਕਰੇਗਾ, ਜਦਕਿ ਮੈਂ ਆਖ਼ਰੀ ਨਬੀ ਹਾਂ ਅਤੇ ਮੈਥੋਂ ਬਾਅਦ ਕੋਈ ਨਬੀ ਨਹੀਂ ਹੋਵੇਗਾ, ਮੇਰੀ ਉੱਮਤ ਵਿੱਚ ਇੱਕ ਧੜ੍ਹਾ

ਹਮੇਸ਼ਾ ਹੱਕ ਉੱਤੇ ਕਾਇਮ ਰਹੇਗਾ ਅਤੇ ਉਹਨਾਂ ਦੀ ਅੱਲ੍ਹਾ ਤਾਅਲਾ ਦੀ ਤਰਫ ਤੋਂ ਮੱਦਦ ਕੀਤੀ ਜਾਵੇਗੀ । ਅਤੇ ਉਹਨਾ ਨੂੰ ਛੱਡ ਦੇਣ ਵਾਲੇ ਉਹਨਾ ਦਾ ਕੁੱਝ ਵੀ ਨਹੀਂ ਵਿਗਾੜ ਸਕਣਗੇ। ਇੱਥੋਂ ਤੱਕ ਕਿ ਅੱਲਾਹ ਦਾ ਹੁਕਮ (ਕਿਆਮਤ) ਆ ਜਾਵੇਗੀ ।
(ਸਹੀ , ਅਬੂ ਦਾਊਦ 4252 ਅਸ ਸਹੀਹਾ 4/252)